WILL of GOD
316

# ਮੈਂ ਪਰਮੇਸ਼ੁਰ ਦੀ ਇੱਛਾ ਨੂੰ ਕਿਵੇਂ ਜਾਣਾਂ?

*"ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।"* ਰੋਮੀਆਂ 12:2

ਪਰਮੇਸ਼ੁਰ ਦੀ ਇੱਛਾ ਨੂੰ ਜਾਣਨਾ ਅਤੇ ਪੂਰਾ ਕਰਨਾ ਬਹੁਤ ਜ਼ਰੂਰੀ ਹੈ। ਯਿਸੂ ਵਰਗੇ ਬਣੋ। ਯਿਸੂ ਨੇ ਕਿਹਾ ਕਿ ਮੈਂ ਧਰਤੀ ਉੱਤੇ ਆਇਆ, *"ਇਸ ਲਈ ਨਹੀਂ ਜੋ ਆਪਣੀ ਮਰਜ਼ੀ ਸਗੋਂ ਉਹ ਦੀ ਮਰਜ਼ੀ ਦੇ ਅਨੁਸਾਰ ਚੱਲਾਂ ਜਿਹ ਨੇ ਮੈਨੂੰ ਘੱਲਿਆ,"* ਯੂਹੰਨਾ 6:38. ਜ਼ਿਆਦਾਤਰ ਪਰਮੇਸ਼ੁਰ ਦੀ ਇੱਛਾ ਸਾਰੇ ਵਿਸ਼ਵਾਸੀਆਂ ਤੇ ਇੱਕ ਹੀ ਤਰ੍ਹਾਂ ਨਾਲ ਲਾਗੂ ਹੁੰਦੀ ਹੈ। ਪਰ, ਹਰ ਵਿਸ਼ਵਾਸੀ ਦੇ ਲਈ ਪਰਮੇਸ਼ੁਰ ਦੀ ਇੱਕ ਵਿਅਕਤੀਗਤ ਜਾਂ ਖ਼ਾਸ ਇੱਛਾ ਹੁੰਦੀ ਹੈ, ਜਿਸ ਨੂੰ ਉਹ ਹੌਲੀ-ਹੌਲੀ ਤਦ ਪਰਗਟ ਕਰਦਾ ਹੈ ਜਦੋਂ ਤੁਸੀਂ ਹਰ ਰੋਜ਼ ਵਫ਼ਾਦਾਰੀ ਸਹਿਤ ਉਸ ਨਾਲ ਆਪਣੀ ਚਾਲ ਵਿੱਚ ਵਧਦੇ ਜਾਂਦੇ ਹੋ। ਤੁਸੀਂ ਪਰਮੇਸ਼ੁਰ ਦੀ ਇੱਛਾ ਨੂੰ ਜਾਣ ਸਕਦੇ ਹੋ। ਉਹ ਤੁਹਾਨੂੰ ਸਮਝ ਦੇਵੇਗਾ। *"ਆਪਣੇ ਪੂਰੇ ਦਿਲ ਨਾਲ ਯਹੋਵਾਹ ਉੱਤੇ ਭਰੋਸਾ ਰੱਖ, ਅਤੇ ਆਪਣੀ ਹੀ ਸਮਝ ਉੱਤੇ ਅਤਬਾਰ ਨਾ ਕਰ। ਆਪਣੇ ਸਾਰਿਆਂ ਰਾਹਾਂ ਵਿੱਚ ਉਹ ਨੂੰ ਪਛਾਣ, ਅਤੇ ਉਹ ਤੇਰੇ ਮਾਰਗਾਂ ਨੂੰ ਸਿੱਧਾ ਕਰੇਗਾ,"* ਕਹਾਉਤਾਂ 3:5-6. ਬਾਈਬਲ ਵਿੱਚੋਂ ਤੁਸੀਂ ਸਾਰੇ ਵਿਸ਼ਵਾਸੀਆਂ ਲਈ ਪਰਮੇਸ਼ੁਰ ਦੀ ਆਮ ਇੱਛਾ ਨੂੰ ਜਾਣਦੇ ਹੋ। ਤੁਸੀਂ ਉਸ ਦੀ ਵਿਅਕਤੀਗਤ ਇੱਛਾ ਨੂੰ ਪਰਮੇਸ਼ੁਰ ਦੇ ਬਚਨ ਅਤੇ ਇੱਕ ਵਫ਼ਾਦਾਰੀ ਭਰੇ ਆਗਿਆਕਾਰੀ ਜੀਵਨ ਦੇ ਇੱਕ ਦੂਜੇ ਦਾ ਵਿਰੋਧ ਨਾ ਕਰਨ ਵਾਲੇ ਸੁਮੇਲ ਵਜੋਂ ਜਾਣਦੇ ਹੋ। ਆਗਿਆਕਾਰੀ ਦੇ ਉਸ ਅਧਾਰ ਤੋਂ, ਤੁਸੀਂ ਆਪਣੇ ਲਈ ਪਰਮੇਸ਼ੁਰ ਦੀ ਇੱਛਾ ਨੂੰ ਜਾਣ ਸਕਦੇ ਹੋ ਅਤੇ ਉਸ ਦਾ ਪਾਲਣਾ ਕਰ ਸਕਦੇ ਹੋ। ਪਿਤਾ ਤੋਂ ਪੁੱਛੋ। ਉਸ ਦੇ ਬਚਨ, ਉਸ ਦੀ ਬੁੱਧ, ਉਸ ਦੇ ਲੋਕਾਂ ਅਤੇ ਉਸ ਦੀ ਸ਼ਾਂਤੀ ਤੋਂ ਮਾਰਗ ਦਰਸ਼ਨ ਪ੍ਰਾਪਤ ਕਰੋ। ਜਦੋਂ ਤੁਸੀਂ ਪਰਮੇਸ਼ੁਰ ਦੀ ਇੱਛਾ ਨੂੰ ਜਾਣ ਲੈਂਦੇ ਹੋ, ਤਾਂ ਉਸ ਦੀ ਪਾਲਣਾ ਕਰੋ।

**ਪਰਮੇਸ਼ੁਰ ਦੀ ਆਮ ਇੱਛਾ।** ਜ਼ਿਆਦਾਤਰ ਪਰਮੇਸ਼ੁਰ ਦੀ ਆਮ ਇੱਛਾ ਬਾਈਬਲ ਦੇ ਹੁਕਮਾਂ, ਸਿਧਾਂਤਾਂ ਅਤੇ ਉਦਾਹਰਣਾਂ ਵਿੱਚ ਮਿਲਦੀ ਹੈ। ਤੁਹਾਡੇ ਜੀਵਨ ਲਈ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਦਾ ਮੁੱਖ ਸ੍ਰੋਤ ਬਾਈਬਲ ਹੈ। *"ਤੇਰਾ ਬਚਨ ਮੇਰੇ ਪੈਰਾਂ ਲਈ ਦੀਪਕ, ਅਤੇ ਮੇਰੇ ਰਾਹ ਦਾ ਚਾਨਣ ਹੈ,"* ਜ਼ਬੂਰ 119:105.

1. ਹੁਕਮ। ਬਾਈਬਲ ਵਿੱਚ ਸਾਰੇ ਵਿਸ਼ਵਾਸੀਆਂ ਲਈ ਕਈ ਹੁਕਮ ਹਨ ਜਿਵੇਂ ਕਿ, *"ਸਦਾ ਅਨੰਦ ਰਹੋ। ਨਿੱਤ ਪ੍ਰਾਰਥਨਾ ਕਰੋ। ਹਰ ਹਾਲ ਵਿੱਚ ਧੰਨਵਾਦ ਕਰੋ ਕਿਉਂ ਜੋ ਤੁਹਾਡੇ ਲਈ ਮਸੀਹ ਯਿਸੂ ਵਿੱਚ ਪਰਮੇਸ਼ੁਰ ਦੀ ਇਹੋ ਇੱਛਿਆ ਹੈ,"* 1 ਥੱਸਲੁਨੀਕੀਆਂ 5:16-18. ਅਤੇ *"ਪਰਮੇਸ਼ੁਰ ਦੀ ਇੱਛਿਆ ... ਹੈ ਭਈ ਤੁਸੀਂ ਹਰਾਮਕਾਰੀ ਤੋਂ ਬਚੇ ਰਹੋ,"* 1 ਥੱਸਲੁਨੀਕੀਆਂ 4:3. ਯਿਸੂ ਨੇ ਕਿਹਾ, *"ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ,"* ਯੂਹੰਨਾ 14:15. ਹੁਕਮਾਂ ਦੇ ਸੰਦਰਭ ਨੂੰ ਸਮਝੋ। ਪਰਮੇਸ਼ੁਰ ਨੇ ਨੂਹ ਨੂੰ ਇੱਕ ਕਿਸ਼ਤੀ ਬਣਾਉਣ ਲਈ ਕਿਹਾ, ਉਤਪਤ 6:14. ਪਰਮੇਸ਼ੁਰ ਨੇ ਤੁਹਾਨੂੰ ਕਿਸ਼ਤੀ ਬਣਾਉਣ ਲਈ ਨਹੀਂ ਕਿਹਾ। ਪਰਮੇਸ਼ੁਰ ਨੇ ਦਾਊਦ ਨੂੰ ਹਬਰੋਨ ਜਾਣ ਲਈ ਕਿਹਾ, 2 ਸਮੂਏਲ 2:1. ਪਰਮੇਸ਼ੁਰ ਨੇ ਤੁਹਾਨੂੰ ਹਬਰੋਨ ਜਾਣ ਲਈ ਨਹੀਂ ਕਿਹਾ। ਕਿਸੇ ਵੀ ਹੁਕਮ ਨੂੰ ਇਸ ਦੇ ਸੰਦਰਭ ਤੋਂ ਬਾਹਰ ਨਾ ਲਿਜਾਓ।

2. ਸਿਧਾਂਤ। ਬਾਈਬਲ ਵਿੱਚ ਤੁਹਾਡੇ ਪਾਲਣ ਕਰਨ ਲਈ ਕੁਝ ਸਿਧਾਂਤ ਦਿੱਤੇ ਗਏ ਹਨ। ਲੂਕਾ 16:1-13 ਵਿੱਚ ਚੰਗੇ ਮੁਖ਼ਤਿਆਰਪੁਣੇ ਦਾ ਸਿਧਾਂਤ ਹੈ। ਲੂਕਾ 14 ਅਧਿਆਇ ਦੇ ਅੰਤ ਵਿੱਚ ਚੇਲੇਪਣ ਜਾਂ ਚੇਲਾ ਬਣਨ ਦੀ ਕੀਮਤ ਦੱਸੀ ਗਈ ਹੈ। ਲੂਕਾ 15 ਦੇ ਤਿੰਨ ਦ੍ਰਿਸ਼ਟਾਂਤਾਂ ਵਿੱਚ ਗੁਆਚੇ ਹੋਏ ਲੋਕਾਂ ਨੂੰ ਲੱਭਣ ਦਾ ਸਿਧਾਂਤ ਹੈ। ਇਨ੍ਹਾਂ ਸਿਧਾਂਤਾਂ ਦੀ ਅਤੇ ਬਾਈਬਲ ਵਿੱਚ ਦਿੱਤੇ ਗਏ ਹੋਰ ਸਿਧਾਂਤਾਂ ਦੀ ਪਾਲਣਾ ਕਰੋ।

3. ਉਦਾਹਰਣਾਂ। ਬਾਈਬਲ ਦੇ ਹੁਕਮ ਅਤੇ ਸਿਧਾਂਤ ਤੁਹਾਨੂੰ ਤੁਹਾਡੇ ਜੀਵਨ ਲਈ ਪਰਮੇਸ਼ੁਰ ਦੀ ਆਮ ਇੱਛਾ ਦੱਸਦੇ ਹਨ। ਬਾਈਬਲ ਵਿੱਚ ਸਾਡੇ ਪਾਲਣਾ ਕਰਨ ਲਈ ਬਹੁਤ ਸਾਰੀਆਂ ਉਦਾਹਰਣਾਂ ਹਨ। ਸਭ ਤੋਂ ਉੱਤਮ ਉਦਾਹਰਣ ਯਿਸੂ ਦਾ ਜੀਵਨ ਹੈ। ਚੇਲਿਆਂ ਦੇ ਪੈਰ ਧੋਣ ਤੋਂ ਬਾਅਦ, ਯਿਸੂ ਨੇ ਕਿਹਾ, *"ਇਸ ਲਈ ਜੋ ਮੈਂ ਤੁਹਾਨੂੰ ਇੱਕ ਨਮੂਨਾ ਦੇ ਛੱਡਿਆ ਹੈ ਤਾਂ ਜੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਭੀ ਤਿਵੇਂ ਹੀ ਕਰੋ,"* ਯੂਹੰਨਾ 13:15. ਸਾਨੂੰ ਯਿਸੂ ਦੀ ਹਲੀਮੀ ਦੇ ਉਦਾਹਰਣ ਦੀ ਪਾਲਣਾ ਕਰਨੀ ਚਾਹੀਦੀ ਹੈ, ਫ਼ਿਲਿੱਪੀਆਂ 2:3-5. ਸਾਨੂੰ ਯਿਸੂ ਦੇ ਕਦਮਾਂ ਉੱਤੇ ਚੱਲਣਾ ਚਾਹੀਦਾ ਹੈ, *"ਕਿਉਂ ਜੋ ਤੁਸੀਂ ਇਸੇ ਕਾਰਨ ਸੱਦੇ ਗਏ ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ ਤੁਹਾਡੇ ਦੁਖ ਝੱਲ ਕੇ ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ,"* 1 ਪਤਰਸ 2:21. *"ਇਸ ਤੋਂ ਅਸੀਂ ਜਾਣਦੇ ਹਾਂ ਜੋ ਅਸੀਂ ਉਹ ਦੇ ਵਿੱਚ ਹਾਂ, ਉਹ ਜਿਹੜਾ ਆਖਦਾ ਹੈ ਭਈ ਮੈਂ ਓਸ ਵਿੱਚ ਕਾਇਮ ਰਹਿੰਦਾ ਹਾਂ ਤਾਂ ਚਾਹੀਦਾ ਹੈ ਭਈ ਜਿਵੇਂ ਉਹ ਚੱਲਦਾ ਸੀ ਤਿਵੇਂ ਆਪ ਵੀ ਚੱਲੇ,"* 1 ਯੂਹੰਨਾ 2:5-6.

**ਇੱਕ ਚਿਤਾਵਨੀ।** ਪਰਮੇਸ਼ੁਰ ਝੂਠ ਨਹੀਂ ਬੋਲਦਾ, ਜ਼ਬੂਰ 119:160. ਪਰਮੇਸ਼ੁਰ ਨਾ ਤਾਂ ਆਪਣੇ ਬਚਨ ਦੀ ਉਲੰਘਣਾ ਕਰਨ ਲਈ ਤੁਹਾਡੀ ਅਗਵਾਈ ਕਰੇਗਾ ਅਤੇ ਨਾ ਹੀ ਤੁਹਾਨੂੰ ਅਜਿਹਾ ਕਰਨ ਲਈ ਕਹੇਗਾ। ਯਿਸੂ ਆਗੂ ਦਿੰਦਾ ਹੈ ਜੋ ਸਾਨੂੰ ਤਿਆਰ ਕਰਨ, ਅਫ਼ਸੀਆਂ 4:11-14. ਪਰ ਬਹੁਤ ਸਾਰੇ ਝੂਠੇ ਉਪਦੇਸ਼ਕ ਹਨ, 2 ਤਿਮੋਥਿਉਸ 4:3-4. ਕਦੇ ਵੀ ਇਹ ਵਿਸ਼ਵਾਸ ਨਾ ਕਰੋ ਕਿ ਪਰਮੇਸ਼ੁਰ ਤੁਹਾਨੂੰ ਆਪਣੇ ਬਚਨ ਦੀ ਉਲੰਘਣਾ ਕਰਨ ਲਈ ਕਹਿ ਰਿਹਾ ਹੈ। ਪਰਮੇਸ਼ੁਰ ਅਜਿਹਾ ਕਦੇ ਨਹੀਂ ਕਰੇਗਾ। ਜੇਕਰ ਕਲੀਸੀਆ ਦਾ ਕੋਈ ਆਗੂ ਤੁਹਾਨੂੰ ਪਰਮੇਸ਼ੁਰ ਦੇ ਬਚਨ ਦੀ ਉਲੰਘਣਾ ਕਰਨ ਲਈ ਕਹਿੰਦਾ ਹੈ, ਤਾਂ ਉਹ ਇੱਕ ਝੂਠੀ ਸਿੱਖਿਆ ਹੈ।

**ਪਰਮੇਸ਼ੁਰ ਦੀ ਵਿਅਕਤੀਗਤ ਇੱਛਾ।** ਪਰਮੇਸ਼ੁਰ ਕੋਲ ਵਿਸ਼ਵਾਸੀਆਂ ਲਈ ਇੱਕ ਵਿਅਕਤੀਗਤ ਇੱਛਾ ਹੈ, ਜ਼ਬੂਰ 32:8, ਕਹਾਉਤਾਂ 3:5-6. ਪਰਮੇਸ਼ੁਰ ਦੀ ਆਮ ਇੱਛਾ ਦਾ ਪਾਲਣ ਕਰੋ। ਫਿਰ ਪਰਮੇਸ਼ੁਰ ਦੀ ਵਿਅਕਤੀਗਤ ਇੱਛਾ ਨੂੰ ਜਾਣਨ ਦੇ ਲਈ, ਪਰਮੇਸ਼ੁਰ ਅੱਗੇ ਤਨੋਂ ਮਨੋਂ ਪ੍ਰਾਰਥਨਾ ਕਰੋ ਕਿ ਉਹ ਤੁਹਾਨੂੰ ਆਪਣੀ ਇੱਛਾ ਦੱਸੇ। ਪਰਮੇਸ਼ੁਰ ਦੇ ਬਚਨ, ਪਰਮੇਸ਼ੁਰ ਦੀ ਬੁੱਧ, ਪਰਮੇਸ਼ੁਰ ਦੇ ਲੋਕਾਂ ਅਤੇ ਉਸ ਦੀ ਸ਼ਾਂਤੀ ਵਿੱਚੋਂ ਉਸ ਦਾ ਉੱਤਰ ਭਾਲੋ।

**ਮੰਗੋ।** ਦਾਊਦ ਵਾਲੀ ਇਹ ਪ੍ਰਾਰਥਨਾ ਕਰੋ, *"ਮੈਨੂੰ ਆਪਣੀ ਮਰਜ਼ੀ ਪੂਰੀ ਕਰਨੀ ਸਿਖਲਾ"* ਜ਼ਬੂਰ 143:10. ਰਸੂਲ ਪੌਲੁਸ ਨੇ ਪ੍ਰਾਰਥਨਾ ਕੀਤੀ ਕਿ ਕੁਲੁੱਸੈ ਦੇ ਵਿਸ਼ਵਾਸੀ *"ਉਹ ਦੀ ਇੱਛਿਆ ਦੀ ਪਛਾਣ ਤੋਂ ਭਰਪੂਰ ਹੋ ਜਾਣ,"* ਕੁਲੁੱਸੀਆਂ 1:9. ਆਪਣੇ ਲਈ ਅਤੇ ਦੂਜਿਆਂ ਲਈ ਤੁਹਾਡੀ ਦਿਲੀ ਪ੍ਰਾਰਥਨਾ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਅਤੇ ਇਸ ਇੱਛਾ ਨੂੰ ਪੂਰਾ ਕਰਨ ਲਈ ਹੋਣੀ ਚਾਹੀਦੀ ਹੈ।

**ਮਾਰਗ ਦਰਸ਼ਨ ਪ੍ਰਾਪਤ ਕਰੋ।** ਪਰਮੇਸ਼ੁਰ ਆਪਣੀ ਵਿਅਕਤੀਗਤ ਇੱਛਾ ਨੂੰ ਆਪਣੇ ਬਚਨ, ਆਪਣੀ ਬੁੱਧ, ਆਪਣੇ ਲੋਕਾਂ ਅਤੇ ਆਪਣੀ ਸ਼ਾਂਤੀ ਰਾਹੀਂ ਪਰਗਟ ਕਰਦਾ ਹੈ। ਪਰਮੇਸ਼ੁਰ ਨੂੰ ਤੁਹਾਡੇ ਉੱਤੇ ਆਪਣੀ ਇੱਛਾ ਪਰਗਟ ਕਰਨ ਲਈ ਕਹੋ। ਪਰਮੇਸ਼ੁਰ ਤੁਹਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਇਸ ਤਰ੍ਹਾਂ ਦੇਵੇਗਾ:

1. ਪਰਮੇਸ਼ੁਰ ਦਾ ਬਚਨ। ਪਰਮੇਸ਼ੁਰ ਦੀ ਵਿਅਕਤੀਗਤ ਇੱਛਾ ਨੂੰ ਜਾਣਨਾ ਨਿਯਮਿਤ ਬਾਈਬਲ ਅਧਿਐਨ ਦਾ ਇਕ ਨਤੀਜਾ ਹੈ। ਜਦੋਂ ਤੁਸੀਂ ਪਰਮੇਸ਼ੁਰ ਦੇ ਬਚਨ ਤੋਂ ਬੁੱਧ ਅਤੇ ਸਮਝ ਪ੍ਰਾਪਤ ਕਰਦੇ ਹੋ, ਤੁਹਾਡੇ ਲਈ ਪਰਮੇਸ਼ੁਰ ਦੀ ਇੱਛਾ ਸਪਸ਼ਟ ਹੋ ਜਾਂਦੀ ਹੈ। ਪਰਮੇਸ਼ੁਰ ਕਦੇ ਵੀ ਤੁਹਾਨੂੰ ਉਸ ਦੇ ਬਚਨ ਦੇ ਉਲਟ ਕੁਝ ਕਰਨ ਲਈ ਅਗਵਾਈ ਨਹੀਂ ਕਰੇਗਾ।

2. ਪਰਮੇਸ਼ੁਰ ਦੀ ਬੁੱਧ। ਪਰਮੇਸ਼ੁਰ ਦੀ ਬੁੱਧ ਆਤਮਕ ਆਗਿਆਕਾਰੀ ਤੋਂ ਆਉਂਦੀ ਹੈ, 1 ਕੁਰਿੰਥੀਆਂ 2:14-15. *"ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ,"* ਰੋਮੀਆਂ 12:2. ਪਰਮੇਸ਼ੁਰ ਤੋਂ ਉਸ ਦੀ ਬੁੱਧ ਮੰਗੋ, *"ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ ਤਾਂ ਉਹ ਨੂੰ ਦਿੱਤੀ ਜਾਵੇਗੀ,"* ਯਾਕੂਬ 1:5.

3. ਪਰਮੇਸ਼ੁਰ ਦੇ ਲੋਕ। ਪਰਮੇਸ਼ੁਰ ਦੇ ਲੋਕ ਪਰਮੇਸ਼ੁਰ ਦੀ ਇੱਛਾ ਨੂੰ ਸਮਝਣ ਦਾ ਵਸੀਲਾ ਹਨ। ਜਿਹੜੇ ਲੋਕ ਬੋਲਣ ਜਾਂ ਲਿਖਣ ਦੁਆਰਾ ਪਰਮੇਸ਼ੁਰ ਦੇ ਬਚਨ ਨੂੰ ਸਹੀ ਢੰਗ ਨਾਲ ਸਿਖਾਉਂਦੇ ਹਨ, ਉਹ ਮਦਦ ਕਰ ਸਕਦੇ ਹਨ, ਕੁਲੁੱਸੀਆਂ 1:28. ਸਿਆਣੇ ਵਿਸ਼ਵਾਸੀਆਂ ਤੋਂ ਸਲਾਹ ਲੈਣਾ ਚੰਗੀ ਗੱਲ ਹੈ। ਇੱਕ ਤੋਂ ਵੱਧ ਸਲਾਹਕਾਰ ਹੋਣਾ ਇੱਕ ਚੰਗਾ ਵਿਚਾਰ ਹੈ, *"ਜੇ ਸਲਾਹ ਨਾ ਮਿਲੇ ਤਾਂ ਪਰੋਜਨ ਰੁੱਕ ਜਾਂਦੇ ਹਨ, ਪਰ ਜੇ ਸਲਾਹ ਦੇਣ ਵਾਲੇ ਬਹੁਤ ਹੋਣ ਤਾ ਓਹ ਕਾਇਮ ਹੋ ਜਾਂਦੇ ਹਨ,"* ਕਹਾਉਤਾਂ 15:22. ਇਹ ਨਹੀਂ ਹੈ ਕਿ ਸਿਆਣੇ ਵਿਸ਼ਵਾਸੀਆਂ ਤੋਂ ਕੋਈ ਗਲਤੀ ਨਹੀਂ ਹੁੰਦੀ ਪਰ ਉਹ ਤੁਹਾਨੂੰ ਅਜਿਹੀ ਸਾਰਥਕ ਜਾਣਕਾਰੀ ਦੇ ਸਕਦੇ ਹਨ ਜੋ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਵਿੱਚ ਮਦਦ ਕਰ ਸਕਦੀ ਹੈ।

4.ਪਰਮੇਸ਼ੁਰ ਦੀ ਸ਼ਾਂਤੀ। ਪਰਮੇਸ਼ੁਰ ਦੀ ਸ਼ਾਂਤੀ ਉਸ ਦੀ ਵਿਅਕਤੀਗਤ ਇੱਛਾ ਦੀ ਆਖ਼ਰੀ ਪੁਸ਼ਟੀ ਹੈ, *"ਮਸੀਹ ਦੀ ਸ਼ਾਂਤੀ ਤੁਹਾਡਿਆਂ ਮਨਾਂ ਉੱਤੇ ਰਾਜ ਕਰੇ,"* ਕੁਲੁੱਸੀਆਂ 3:15. *"ਅਤੇ ਪਰਮੇਸ਼ੁਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿੱਚ ਤੁਹਾਡਿਆਂ ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ,"* ਫਿਲਿੱਪੀਆਂ 4:7. ਇਹ ਸ਼ਾਂਤੀ ਪਰਮੇਸ਼ੁਰ ਦੁਆਰਾ ਉਸ ਫ਼ੈਸਲੇ ਦੇ ਸਹੀ ਹੋਣ ਬਾਰੇ ਪਰਮੇਸ਼ੁਰ ਦੁਆਰਾ ਦਿੱਤਾ ਗਿਆ ਇੱਕ ਡੂੰਘਾ ਭਾਵ ਹੈ ਜੋ ਪ੍ਰਾਰਥਨਾ, ਬਾਈਬਲ ਦੇ ਅਧਿਐਨ, ਆਤਮਕ ਬੁੱਧ ਅਤੇ ਆਤਮਕ ਤੌਰ ਤੇ ਸਿਆਣੇ ਸਲਾਹਕਾਰਾਂ ਤੋਂ ਮਿਲੀਆਂ ਜਾਣਕਾਰੀਆਂ ਤੋਂ ਬਾਅਦ ਲਿਆ ਜਾਂਦਾ ਹੈ। ਪਰਮੇਸ਼ੁਰ ਦੀ ਸ਼ਾਂਤੀ ਦੀ ਭਾਲ ਅਤੇ ਉਡੀਕ ਕਰੋ।

**ਕਦਮ ਉਠਾਓ।** ਜਦੋਂ ਤੁਸੀਂ ਗੱਲ ਦੇ ਸੰਬੰਧ ਵਿੱਚ ਪੁੱਛਦੇ ਹੋ ਕਿ ਕੀ ਇਹ ਉਸ ਦੀ ਇੱਛਾ ਹੈ, ਤਾਂ ਉੱਤਰ "ਨਹੀਂ" ਹੋ ਸਕਦਾ ਹੈ ਜਿਵੇਂ ਕਿ ਪੌਲੁਸ ਲਈ ਸੀ, 2 ਕੁਰਿੰਥੀਆਂ 12:7-10. ਇਹ ਉੱਤਰ "ਉਡੀਕ ਕਰੋ" ਹੋ ਸਕਦਾ ਹੈ। ਪਰਮੇਸ਼ੁਰ ਦਾ "ਉਡੀਕ ਕਰੋ" ਵਾਲੇ ਉੱਤਰ ਦਾ ਨਤੀਜਾ ਵੱਡੀ ਬਰਕਤ ਹੋ ਸਕਦਾ ਹੈ, ਯਸਾਯਾਹ 40:31. ਜਦੋਂ ਪਰਮੇਸ਼ੁਰ ਦਾ ਉੱਤਰ "ਹਾਂ" ਹੁੰਦਾ ਹੈ, ਤਾਂ ਉਸ ਦੀ ਇੱਛਾ ਪੂਰੀ ਕਰੋ ਭਾਵੇਂ ਇਹ ਮੁਸ਼ਕਲ ਅਤੇ ਅਣਚਾਹੀ ਹੋਵੇ ਜਾਂ ਇਸ ਦੀ ਕਿੰਨੀ ਵੀ ਕੀਮਤ ਕਿਉਂ ਨਾ ਚੁਕਾਉਣੀ ਪਵੇ। ਸਾਨੂੰ ਆਪਣੇ ਦਿਲਾਂ ਤੋਂ ਪਰਮੇਸ਼ੁਰ ਦੀ ਇੱਛਾ ਪੂਰੀ ਕਰਨ ਵਿੱਚ ਪਰਸੰਨ ਹੋਣਾ ਚਾਹੀਦਾ ਹੈ, ਜ਼ਬੂਰ 40:8, ਅਫ਼ਸੀਆਂ 6:5-6. ਮਸੀਹਤ ਦੇ ਨਾਮ ਤੇ ਸਿਖਾਏ ਜਾਣ ਵਾਲੇ ਨਕਲੀ ਉੱਤਰਾਂ ਤੋਂ ਸਾਵਧਾਨ ਰਹੋ। ਜਦੋਂ ਤੁਹਾਨੂੰ ਪੱਕਾ ਯਕੀਨ ਹੋ ਜਾਵੇ ਕਿ ਤੁਸੀਂ ਪਰਮੇਸ਼ੁਰ ਦੀ ਇੱਛਾ ਨੂੰ ਜਾਣਦੇ ਹੋ, ਤਾਂ ਉਸ ਦਾ ਪਾਲਣ ਕਰੋ।

---

*ਮੈਂ ਪਰਮੇਸ਼ੁਰ ਦੀ ਇੱਛਾ ਨੂੰ ਕਿਵੇਂ ਜਾਣਾਂ?* © 2026 ਜੌਨ ਡੀ. ਮੌਰਿਸ III ਦੁਆਰਾ ਐਕਟਸ ਵਨ ਏਟ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। ਤੁਸੀਂ ਇਸ ਪੂਰੇ ਕਥਨ ਨੂੰ ਸ਼ਾਮਲ ਕਰਕੇ ਇਸ ਸਮੱਗਰੀ ਨੂੰ ਬਿਨਾਂ ਕੋਈ ਬਦਲਾਅ ਕੀਤੇ ਮੁਫ਼ਤ ਵਿੱਚ ਛਪਵਾ ਸਕਦੇ ਹੋ ਜਾਂ ਕਾਪੀ, ਡਾਕ, ਈਮੇਲ ਜਾਂ ਸੰਦੇਸ਼ ਦੇ ਰੂਪ ਵਿੱਚ ਭੇਜ ਸਕਦੇ ਹੋ। ਤੁਸੀਂ ਪਹਿਲੇ ਪੰਨੇ ਦੇ ਸਭ ਤੋਂ ਉੱਪਰ ਆਪਣੀ ਸੇਵਕਾਈ ਜਾਂ ਚਰਚ ਦਾ ਨਾਮ ਜਾਂ ਲੋਗੋ ਲਗਾ ਸਕਦੇ ਹੋ ਅਤੇ ਦੂਜੇ ਪੰਨੇ ਦੇ ਹੇਠਾਂ ਮੋਟੀ ਲਕੀਰ ਦੇ ਉੱਪਰ ਆਪਣੀ ਸੰਪਰਕ ਜਾਣਕਾਰੀ ਦੇ ਸਕਦੇ ਹੋ। WillofGod316.org ਸਿਰਫ਼ ਬਾਈਬਲ ਤੇ ਅਧਾਰਤ ਹੈ। ਇਸ ਦਾ ਉਦੇਸ਼ ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਵਿੱਚ ਮਦਦ ਕਰਨਾ ਹੈ। ਤੁਸੀਂ ਐਕਟਸ ਵਨ ਏਟ (ਜੇ ਸੰਭਵ ਹੋਵੇ ਤਾਂ ਪੰਜਾਬੀ ਵਿੱਚ) ਨੂੰ ਇਸ ਪਤੇ ਤੇ ਈਮੇਲ ਕਰ ਸਕਦੇ ਹੋ: Hello@Mail316.org. ਅਨੁਵਾਦ ਸੇਵਾਵਾਂ www.ChristianLingua.com ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸਨ। *ਮੈਂ ਪਰਮੇਸ਼ੁਰ ਦੀ ਇੱਛਾ ਨੂੰ ਕਿਵੇਂ ਜਾਣਾਂ?* www.WillofGod316.org ਤੇ ਅਠਤਾਲੀ ਭਾਸ਼ਾਵਾਂ ਵਿੱਚ ਮੁਫ਼ਤ ਉਪਲਬਧ ਹੈ। ਅੰਗਰੇਜ਼ੀ ਅਨੁਵਾਦ ਵਿੱਚ ਬਾਈਬਲ ਦੇ ਹਵਾਲੇ ਦ ਲੌਕਮੈਨ ਫਾਊਂਡੇਸ਼ਨ ਦੇ ਨਿਊ ਅਮੈਰੀਕਨ ਸਟੈਂਡਰਡ ਬਾਈਬਲ 1995 ਵਿੱਚੋਂ ਲਏ ਗਏ ਹਨ। ਇਸ ਅਨੁਵਾਦ ਵਿੱਚ ਬਾਈਬਲ ਦੇ ਹਵਾਲੇ ਦ ਬਾਈਬਲ ਸੋਸਾਇਟੀ ਆਫ਼ ਇੰਡੀਆ ਪੰਜਾਬੀ ਬਾਈਬਲ (ਪੁਰਾਣਾ ਅਨੁਵਾਦ) ਵਿੱਚੋਂ ਲਏ ਗਏ ਹਨ।